# ਡਾਇਰੈਕਟੋਰੇਟ,
# ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ।
# (ਪੀ.ਬੀ.ਸ਼ਾਖਾ)

---

ਰਜਿਸਟਰਡ
ਸੇਵਾ ਵਿਖੇ,

ਰਜਿਸਟਰਾਰ,
ਬਾਬਾ ਫਰੀਦ ਯੂਨੀਰਿਸਿਟੀ ਆਫ ਹੈਲਥ ਸਾਇੰਸਜ਼,
ਫਰੀਦਕੋਟ।

ਮੀਮੋ ਨੰ: ਪੀ.ਬੀ(5)ਪੰ-16/2618
ਮਿਤੀ ਚੰਡੀਗੜ੍ਹ: 12.10.16

ਵਿਸ਼ਾ:- ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਅਧੀਨ ਉਪਰੇਸ਼ਨ ਥੀਏਟਰ ਅਸਿਸਟੈਟ, ਇਲੈਕਟ੍ਰੋਕਾਰਡੀਓ-ਗ੍ਰਾਫਰ, ਡੈਂਟਲ ਹਾਈਜੀਨਿਸਟ ਅਤੇ ਅਪਥਾਲਮਿਕ ਅਫਸਰ ਦੀਆਂ ਅਸਾਮੀਆਂ ਭਰਨ ਸਬੰਧੀ।

*****

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

ਸਰਕਾਰ ਦੇ ਪੱ:ਅ:ਨੰਬਰ:1/06/2016-1ਸਿ5/748560/4, ਮਿਤੀ 06-05-2016 ਰਾਹੀ ਨਿਮਨ-ਲਿਖਤ ਅਸਾਮੀਆਂ ਨੂੰ ਐਸ.ਐਸ.ਐਸ ਬੋਰਡ ਪੰਜਾਬ ਰਾਹੀ ਨਾ ਭਰਦੇ ਹੋਏ ਬਾਬਾ ਫਰੀਦ ਯੂਨੀਵਰਸਿਟੀ ਰਾਹੀਂ ਟੈਸਟ ਲੈਕੇ ਬਿਨਾਂ ਇੰਟਰਵਿਊ ਤੋਂ ਭਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ:-

| ਲੜੀਨੰ | ਅਸਾਮੀ ਦਾ ਨਾਮ | ਭਰੀਆਂ ਜਾਣ ਵਾਲੀਆਂ ਅਸਾਮੀਆਂ ਦੀ ਕੁੱਲ ਗਿਣਤੀ |
|---|---|---|
| 1 | ਉਪਰੇਸ਼ਨ ਥੀਏਟਰ ਅਸਿਸਟੈਟ | 128 |
| 2 | ਇਲੈਕਟ੍ਰੋਕਾਰਡੀਓ-ਗ੍ਰਾਫਰ | 33 |
| 3 | ਡੈਂਟਲ ਹਾਈਜੀਨਿਸਟ | 05 |
| 4 | ਅਪਥਾਲਮਿਕ ਅਫ਼ਸਰ | 21 |
| | **ਕੁੱਲ ਜੋੜ** | **187** |

ਆਪ ਪਾਸੋਂ ਪ੍ਰਾਪਤ ਹੋਏ ਨਤੀਜੇ ਮੁਤਾਬਿਕ ਸਬੰਧਤ ਉਮੀਦਵਾਰਾਂ ਦੀ ਕਾਉਂਸਲਿੰਗ ਉਪਰੰਤ ਉਪਰੇਸ਼ਨ ਥੀਏਟਰ ਅਸਿਸਟੈਂਟ ਦੀ ਅਸਾਮੀ ਲਈ 10, ਅਪਥਾਲਮਿਕ ਅਫ਼ਸਰ ਦੀਆਂ ਅਸਾਮੀਆਂ ਲਈ 8 (ਜਨਰਲ ਕੈਟਾਗਰੀ ਦੀਆਂ), ਡੈਂਟਲ ਹਾਈਜੀਨਿਸਟ ਲਈ 1 ਉਮੀਦਵਾਰ ਉਪਲਬਧ ਹੋਇਆ ਹੈ ਅਤੇ ਇਲੈਕਟ੍ਰੋਕਾਰਡੀਓ-ਗ੍ਰਾਫਰ ਦੀ ਅਸਾਮੀ ਲਈ ਕੋਈ ਉਮੀਦਵਾਰ ਉਪਲਬਧ ਨਹੀਂ ਹੋਇਆ ਹੈ। ਇਸ ਤਰ੍ਹਾਂ ਜਿਆਦਾਤਰ ਅਸਾਮੀਆਂ ਖਾਲੀ ਰਹਿ ਗਈਆ ਹਨ, ਜਿਨ੍ਹਾਂ ਨੂੰ ਦੋਬਾਰਾ ਪਹਿਲਾ ਅਪਨਾਏ ਕਰਾਈਟੇਰੀਏ ਅਨੁਸਾਰ ਭਰਨ ਬਾਰੇ ਸਰਕਾਰ ਦੀ ਪ੍ਰਵਾਨਗੀ ਲਈ ਗਈ ਹੈ।

ਇਸ ਲਈ ਨਿਮਨ-ਲਿਖਤ ਅਸਾਮੀਆਂ ਨੂੰ ਪੰਜਾਬ ਹੈਲਥ ਐਂਡ ਫੈਮਲੀ ਵੈਲਫੇਅਰ ਟੈਕਨੀਕਲ (ਗਰੁਪ ਸੀ) ਸਰਵਿਸ ਰੂਲ 2007 ਵਿਚ ਕੀਤੇ ਉਪਬੰਧਾ ਅਨੁਸਾਰ ਇਨ੍ਹਾਂ ਅਸਾਮੀਆਂ ਲਈ ਯੋਗ ਉਮੀਦਵਾਰ, ਜ਼ੋ ਸਬੰਧਤ ਅਸਾਮੀਆਂ ਦੇ ਸਾਹਮਣੇ ਦਰਸਾਈਆਂ ਯੋਗਤਾਵਾਂ ਪੂਰੀਆਂ ਕਰਦੇ ਹੋਣ, ਦੀ ਲਿਖਤੀ ਪ੍ਰਖੀਆ ਲੈ ਕੇ ਬਿਨ੍ਹਾਂ ਇਨਟਰਵਿਊ ਤੋਂ ਯੋਗ ਉਮੀਦਵਾਰਾਂ ਨੂੰ ਕੈਟਾਗਰੀ ਵਾਈਜ ਮੈਰੀਟ ਲਿਸਟ ਤਿਆਰ ਕਰਕੇ ਜਲਦੀ ਤੋਂ ਜਲਦੀ ਇਸ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ। ਖਾਲੀ ਅਸਾਮੀਆਂ, ਰਾਖਵਾਕਰਨ ਅਤੇ ਵਿਦਿਅਕ ਯੋਗਤਾ ਆਦਿ ਬਾਰੇ ਵੇਰਵਾ ਨਿਮਨ-ਲਿਖਤ ਅਨੁਸਾਰ ਹੈ:-

**(ੳ) ਖਾਲੀ ਅਸਾਮੀਆਂ, ਰਾਖਵਾਕਰਨ ਅਤੇ ਵਿਦਿਅਕ ਯੋਗਤਾ/ਪ੍ਰੋਫੈਸ਼ਨਲ ਯੋਗਤਾ।**

| ਅਸਾਮੀ ਦਾ ਨਾਮ ਅਤੇ ਤਨਖਾਹ ਸਕੇਲ | ਖਾਲੀ ਅਸਾਮੀਆਂ ਦੀ ਕੁਲ ਗਿਣਤੀ | ਖਾਲੀ ਅਸਾਮੀਆਂ ਦੀ ਕੈਟਾਗਰੀ ਵਾਈਜ ਗਿਣਤੀ | | ਖਾਲੀ ਅਸਾਮੀਆਂ ਨੂੰ ਭਰਨ ਲਈ ਪੰਜਾਬ ਸਰਕਾਰ ਦੀ ਨੋਟਿਫਿਕੇਸ਼ਨ ਨੰ: **G.S.R./17/CONST./ Art.309/2007 Dated 11-6-2007** ਅਨੁਸਾਰ ਵਿਦਿਅਕ ਅਤੇ ਪ੍ਰਫੈਸ਼ਨਲ ਯੋਗਤਾ |
|---|---|---|---|---|
| **ਉਪਰੇਸ਼ਨ ਥੀਏਟਰ** | 118 | ਜਨਰਲ | 52 | **1. Should have passed the senior secondary part-II Examination with** |

| | | | | |
|---|---|---|---|---|
| ਅਸਿਸਟੈਂਟ<br>ਪੇ ਸਕੇਲ<br>5910-20200+2400 | | ਐਸ.ਸੀ.(ਐਮ ਐਂਡ ਬੀ) | 14 | Science or its equivalent from a recognized university or institution;<br>2. Should possesses a diploma in Operation Theatre Technique from a recognized university or institution; and<br>3. Punjabi Pass upto Matric and it's equivalent level as per Punjab common condition Service Rule 1994. |
| | | ਐਸ.ਸੀ (ਆਰ ਐਂਡ ਓ) | 14 | |
| | | ਬੀ.ਸੀ | 13 | |
| | | ਹੈਡੀਕੈਪਡ | 4 | |
| | | ਜਨਰਲ (ਈ.ਐਸ.ਐਮ) | 10 | |
| | | ਐਸ.ਸੀ. (ਈ.ਐਸ.ਐਮ) (ਐਮ.ਬੀ) | 3 | |
| | | ਐਸ.ਸੀ. (ਈ.ਐਸ.ਐਮ) (ਆਰ.ਓ) | 2 | |
| | | ਬੀ.ਸੀ (ਈ.ਐਸ.ਐਮ) | 2 | |
| | | ਜਨਰਲ (ਸਪੋਰਟਸਮੈਨ) | 2 | |
| | | ਐਸ.ਸੀ (ਸਪੋਰਟਸਮੈਨ) (ਆਰ.ਓ) | 1 | |
| | | ਫਰੀਡਮ ਫਾਈਟਰ | 1 | |
| ਇਲੈਕਟ੍ਰੋ ਕਾਰਡੀਓਗ੍ਰਾਫਰ<br>ਪੇ ਸਕੇਲ<br>5910-20200+1900 | 33 | ਜਨਰਲ | 17 | 1. Should have passed the senior secondary part-II Examination or its equivalent with Science from a recognized university or institution<br>2. Should possesses a diploma in Electro Cardiographer from a recognized university or institution; and<br>3. Punjabi Pass upto Matric and it's equivalent level as per Punjab common condition Service Rule 1994. |
| | | ਐਸ.ਸੀ. (ਐਮ.ਬੀ) | 4 | |
| | | ਐਸ.ਸੀ (ਆਰ.ਓ) | 4 | |
| | | ਬੀ.ਸੀ | 3 | |
| | | ਹੈਡੀਕੈਪਡ | 1 | |
| | | ਜਨਰਲ (ਈ.ਐਸ.ਐਮ) | 1 | |
| | | ਐਸ.ਸੀ. (ਈ.ਐਸ.ਐਮ) (ਐਮ.ਬੀ) | 1 | |
| | | ਐਸ.ਸੀ. (ਈ.ਐਸ.ਐਮ) (ਆਰ.ਓ) | 1 | |
| | | ਜਨਰਲ (ਸਪੋਰਟਸਮੈਨ) | 1 | |
| ਡੈਂਟਲ ਹਾਈਜੀਨਿਸਟ<br>ਪੇ ਸਕੇਲ<br>5910-20200+2800 | 04 | ਜਨਰਲ | 1 | 1. Should have passed the senior secondary part-II Examination with Science or its equivalent from a recognized university or institution; and<br>2. Should possesses a diploma in Dental Hygienist course from a recognized university or institution; and<br>3. Should be registered as a Dental Hygienist with the Punjab Dental Council<br>4. Punjabi Pass upto Matric and it's equivalent level as per Punjab common condition Service Rule 1994. |
| | | ਐਸ.ਸੀ. (ਐਮ ਐਂਡ ਬੀ) | 1 | |
| | | ਐਸ.ਸੀ (ਆਰ ਐਂਡ ਓ) | 1 | |
| | | ਬੀ.ਸੀ | 1 | |
| ਅਪਥਾਲਮਿਕ ਅਫ਼ਸਰ<br>ਪੇ ਸਕੇਲ<br>10300-34800+3800 | 21 | ਐਸ.ਸੀ. (ਐਮ ਐਂਡ ਬੀ) | 2 | 1. Should have passed the senior secondary part-II Examination in Science with Biology as one of the subject or its equivalent; and<br>2. Should possesses a diploma of |
| | | ਐਸ.ਸੀ (ਆਰ ਐਂਡ ਓ) | 8 | |

| | | | | |
|---|---|---|---|---|
| | | ਬੀ.ਸੀ | 5 | Ophthalmic Assistant from a recognized university or institution.<br>**3.** Punjabi Pass upto Matric and it's equivalent level as per Punjab common condition Service Rule 1994. |
| | | ਅੰਗਹੀਣ | 1 | |
| | | ਸਾਬਕਾ ਫੌਜੀ (ਜਨਰਲ) | 2 | |
| | | ਸਾਬਕਾ ਫੌਜੀ- ਐਸ.ਸੀ. (ਆਰ ਐਡ ਓ) | 1 | |
| | | ਸਾਬਕਾ ਫੌਜੀ- ਬੀ.ਸੀ. | 1 | |
| | | ਸਪੋਰਟਸਮੈਨ-ਐਸ.ਸੀ. (ਆਰ ਐਡ ਓ) | 1 | |

**(ਅ) Terms and conditions.**

1. ਬਿਨੈਕਾਰ ਨੂੰ ਅਪਣੀ ਪ੍ਰਤੀ ਬੇਨਤੀ ਵਿਚ ਅਪਣਾ ਰਿਹਾਇਸ਼ੀ ਪੱਕਾ ਪਤਾ ਅਤੇ ਪੱਤਰ ਵਿਹਾਰ ਲਈ ਪਤਾ ਅੰਕਿਤ ਕਰਨਾ ਲਾਜਮੀ ਹੈ।

2. ਬਿਨੈਕਾਰ ਦੀ ਉਮਰ ਮਿਤੀ 1-1-2016 ਨੂੰ 18 ਤੋਂ 37 ਸਾਲ ਤੱਕ, ਪਰੰਤੂ ਐਸ.ਸੀ./ਐਸ.ਟੀ. ਜਾਂ ਦੂਜੀ ਰਾਖਵੀਆਂ ਕੈਟਾਗਰੀਆਂ ਦੇ ਮਾਮਲੇ ਵਿਚ ਪੰਜਾਬ ਸਰਕਾਰ ਵਲੋਂ ਸਮੇਂ ਸਮੇਂ ਸਿਰ ਜਾਰੀ ਉਮਰ ਦੀ ਛੋਟ ਸਬੰਧੀ ਹਦਾਇਤਾਂ ਲਾਗੂ ਹੋਣਗੀਆਂ।

3. ਬਿਨੈਕਾਰ ਨੇ 10ਵੀਂ ਪੱਧਰ ਤੱਕ ਪੰਜਾਬੀ ਵਿਸ਼ੇ ਨਾਲ ਪ੍ਰੀਖਿਆ ਪਾਸ ਕੀਤੀ ਹੋਵੇ।

4. ਰਾਖਵੀ ਸ੍ਰੇਣੀ ਲਈ ਪ੍ਰਾਪਤ ਹੋਏ ਬਿਨੈਪੱਤਰ ਨਾਲ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਖਵੀਂ ਸ੍ਰੇਣੀ ਦਾ ਸਰਟੀਫਿਕੇਟ ਜਰੂਰ ਨੱਥੀ ਹੋਣਾ ਚਾਹੀਦਾ ਹੈ। ਇਹ ਸਰਟੀਫਿਕੇਟ ਨਾਲ ਨੱਥੀ ਨਾ ਹੋਣ ਦੀ ਸੂਰਤ ਵਿਚ ਬਿਨੈਕਾਰ ਦੀ ਅਰਜੀ ਨੂੰ ਜਰਨਲ ਸ਼੍ਰੇਣੀ ਵਿਚ ਵਿਚਾਰਿਆ ਜਾਵੇਗਾ ਅਤੇ ਬਿਨੈਕਾਰ ਨੂੰ ਫੀਸ ਵੀ ਜਰਨਲ ਉਮੀਦਵਾਰ ਦੇ ਬਰਾਬਰ ਦੇਣੀ ਹੋਵੇਗੀ, ਪਛੜੀਆਂ ਸ੍ਰੇਣੀਆਂ ਦਾ ਸਰਟੀਫਿਕੇਟ ਯੋਗ ਅਥਾਰਟੀ ਪਾਸੋਂ ਬਣਿਆ ਹੋਇਆ ਹੋਣਾ ਚਾਹੀਦਾ ਹੈ।

5. ਵੱਖ-2 ਕੈਟਾਗਰੀਆਂ ਦੇ ਲਈ ਰਾਖਵਾਕਰਨ ਰਾਜ ਸਰਕਾਰ ਦੀ ਨੀਤੀ ਅਨੁਸਾਰ ਹੀ ਹੋਵੇਗਾ।

6. ਬਿਨੈਕਾਰ ਨੂੰ ਦਸਤਾਵੇਜ਼ ਚੈਕ ਕਰਨ ਲਈ ਬੁਲਾਇਆ ਜਾ ਸਕਦਾ ਹੈ, ਜਿਸ ਬਾਰੇ ਵਿਭਾਗ ਦੀ ਵੈਬ ਸਾਈਟ ਤੇ ਦਰਸਾਇਆ ਜਾਵੇਗਾ ਅਤੇ ਅਖਬਾਰਾਂ ਵਿੱਚ ਪਬਲਿਕ ਨੋਟਿਸ ਦਿੱਤਾ ਜਾਵੇਗਾ।

7. ਅਸਾਮੀਆਂ ਦੀ ਗਿਣਤੀ ਵਧਾਈ-ਘਟਾਈ ਜਾ ਸਕਦੀ ਹੈ।

8. ਬਿਨੈਕਾਰ ਨੇ ਡਿਗਰੀ/ਡਿਪਲੋਮਾ ਮਾਣਤਾ ਪ੍ਰਾਪਤ ਸੰਸਥਾ/ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ ਹੋਵੇ/ ਕੀਤਾ ਹੋਵੇ।

**ਨੋਟ:** **ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮ ਰਾਹੀਂ ਡਿਗਰੀ/ਡਿਪਲੋਮਾ ਪ੍ਰਾਪਤ ਕਰਨ ਵਾਲੇ ਉਮੀਦਵਾਰ ਉਕਤ ਅਸਾਮੀਆਂ ਲਈ ਅਪਲਾਈ ਕਰਨ ਦੀ ਖੇਚਲ ਨਾ ਕਰਨ।**

ਉਪਰੋਕਤ ਅਸਾਮੀਆਂ ਦੀ ਭਰਤੀ ਲਈ ਦਰਖਾਸਤਾ ਦੀ ਮੰਗ ਕਰਦੇ ਸਮੇਂ ਉਕਤ ਸਾਰੇ ਤੱਥਾਂ ਨੂੰ ਅਖਬਾਰਾਂ ਦੇ ਵਿਗਿਆਪਨ ਵਿਚ ਅਤੇ ਵਿਗਿਆਪਨ ਵੈਬਸਾਇਟ ਤੇ ਅਪਲੋਡ ਕਰਨ ਸਮੇਂ ਸ਼ਾਮਲ ਕਰਨਾ ਜਰੂਰੀ ਸਮਝਿਆ ਜਾਵੇ ਅਤੇ ਵਿਗਿਆਪਨਾ ਅਤੇ ਵੈਬਸਾਇਟ ਤੇ ਦਰਸਾਏ ਪਬਲਿਕ ਨੋਟਿਸਾਂ ਦੀ ਸਾਫਟ ਅਤੇ ਹਾਰਡ ਕਾਪੀ ਇਸ ਵਿਭਾਗ ਨਾਲ ਸਾਂਝੀਆਂ ਕੀਤੀਆਂ ਜਾਣ।

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ।
10/10/2016

ਪਿੱ.ਅੰ. ਨੰ:ਪੀ.ਬੀ(5)ਪੰ-16/ ਮਿਤੀ ਚੰਡੀਗੜ੍ਹ

ਉਤਾਰਾ ਸੁਪਰਡੰਟ, ਅਮਲਾ-8 ਸ਼ਾਖਾ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ।